Tender Heart High School Sec-33 B chd

Class-6 Ramandeep Kaur

Topic- ਲੋਹੜੀ ਪਾਠ-11 Page-1

ਵਿਦਿਆਰਥੀਓ ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦਾ ਲੇਖ ਲੋਹੜੀ ਦਿਖਾਵਾਂਗੇ। ਤੁਸੀਂ ਇਸ ਲੇਖ ਨੂੰ ਧਿਆਨ ਨਾਲ ਪੜ੍ਹਨਾ ਹੈ ਅਤੇ ਸਮਝਣਾ ਹੈ।

ਲੇਖ ਵਿੱਚ ਆਏ ਸਾਰੇ ਔਖੇ ਸ਼ਬਦਾਂ ਨੂੰ ਯਾਦ ਕਰਕੇ ਕਾਪੀ ਤੇ ਲਿਖਣਾ ਹੈ।

ਪਾਠ-11 ਵਿੱਚ ਲੋਹੜੀ ਦੇ ਤਿਉਹਾਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਅਸੀਂ ਸਾਰੇ ਤਿਓਹਾਰਾਂ ਨੂੰ ਬੜੇ ਚਾਅ ਨਾਲ ਮਨਾਉਂਦੇ ਹਾਂ। ਸਾਡੀ ਜ਼ਿੰਦਗੀ ਵਿੱਚ ਤਿਉਹਾਰਾਂ ਨਾਲ ਖੁਸ਼ੀਆਂ ਅਤੇ ਨਵਾਂ ਪਣ ਆਉਂਦਾ ਹੈ। ਇਹਨਾਂ ਨਾਲ ਜ਼ਿੰਦਗੀ ਤਰੋਤਾਜ਼ਾ ਹੋ ਜਾਂਦੀ ਹੈ।
ਭਾਰਤ ਦੀ ਧਰਤੀ ਤੇ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ ਜਿਹਨਾਂ ਵਿੱਚੋਂ ਲੋਹੜੀ ਦਾ ਤਿਉਹਾਰ ਆਪਣਾ ਖਾਸ ਮਹੱਤਵ ਰਖਦਾ ਹੈ। ਇਹ ਤਿਉਹਾਰ ਖਾਸ ਤੌਰ ਤੇ ਪੰਜਾਬ ਵਿੱਚ ਮਨਾਇਆ ਜਾਂਦਾ ਹੈ।

ਲੋਹੜੀ ਸ਼ਬਦ ਤਿਲ + ਰੋੜੀ = ਤਿਲੋੜੀ ਤੋਂ ਇਹ ਹੌਲੀ - ਹੌਲੀ ਲੋਹੜੀ ਕਿਹਾ ਜਾਣ ਲੱਗ ਪਿਆ।
ਇਹ ਤਿਉਹਾਰ ਪੋਹ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ।

Be Positive...

Class - 6

Topic - ਲੋਹੜੀ

Ramandeep Kaur

Page - 2

ਇਹ ਤਿਉਹਾਰ ਪੰਜਾਬੀਆਂ ਦਾ ਪ੍ਰਸਿੱਧ ਤਿਉਹਾਰ ਹੈ। ਇਸ ਦਿਨ ਹਰ ਘਰ ਅੰਦਰ ਲੱਗੀ ਹੁੰਦੀ ਹੈ। ਮਘਦੀ ਦੀ ਰੌਤ ਵਿੱਚ ਅਗਨੀ ਨੂੰ ਦੇਵਤਾ ਮੰਨ ਕੇ ਉਸਦੀ ਪੂਜਾ ਕੀਤੀ ਜਾਂਦੀ ਹੈ ਅਤੇ ਲੋਕ ਇਕੱਠੇ ਬੈਠ ਕੇ ਅੱਗ ਸੇਕਦੇ ਹਨ। ਤਿਲਾਂ ਨਾਲ ਮੱਥਾ ਟੇਕਿਆ ਜਾਂਦਾ ਹੈ ਅਤੇ ਗੁੜ, ਮੂੰਗਫਲੀਆਂ, ਰਿਉੜੀਆਂ, ਮਚਰ ਫੂੜ ਕੇ ਖਾਧੇ ਜਾਂਦੇ ਹਨ।

ਇਸ ਤਿਉਹਾਰ ਨਾਲ ਇੱਕ ਘਟਨਾ ਵੀ ਸੰਬੰਧਤ ਹੈ ਕਿ ਬ੍ਰਾਹਮਣ ਦੀਆਂ ਕੁੜੀਆਂ ਸੁੰਦਰੀ ਅਤੇ ਮੁੰਦਰੀ ਦਾ ਵਿਆਹ ਮਸ਼ਹੂਰ ਡਾਕੂ ਦੁੱਲੇ ਨੇ ਕਰਵਾਇਆ ਸੀ ਅਤੇ ਰੀਤਿ ਅਨੁਸਾਰ ਵਿੱਚ ਸ਼ਗਨ ਦੇ ਤੌਰ ਤੇ ਸ਼ੱਕਰ ਉਹਨਾਂ ਦੀ ਝੋਲੀ ਪਾਈ ਸੀ। ਸੋ ਕਿਹਾ ਜਾਂਦਾ ਹੈ ਕਿ ਉਸ ਦਿਨ ਤੋਂ ਬਾਅਦ ਲੋਹੜੀ ਧੂਮਧਾਮ ਨਾਲ ਮਨਾਈ ਜਾਂਦੀ ਹੈ।

ਜਿਸ ਘਰ ਮੁੰਡਾ ਜੰਮਿਆ ਹੋਵੇ, ਨਵਾਂ ਵਿਆਹ ਹੋਇਆ ਹੋਵੇ ਉਹ ਲੋਹੜੀ ਵੰਡਦੇ ਹਨ। ਆਪਣੇ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਉਚੇਚੇ ਹੀ ਲੋਹੜੀ ਮਨਾਉਂਦੇ ਹਨ। ਨੱਚਦੇ-ਟੱਪਦੇ ਗੀਤ ਗਾਉਂਦੇ ਅਤੇ ਖੁਸ਼ੀਆਂ ਮਨਾਉਂਦੇ ਹਨ।

ਘਰ ਦਾ ਕੰਮ - ਸਾਰੇ ਸ਼ਬਦ ਅਰਥ ਆਪਣੀ ਕਾਪੀ ਤੇ ਲਿਖੋ।

(last page)

Be Positive...